TRUTH IS THE HIGHEST OF ALL VIRTUES BUT TRUE LIVING IS HIGHER STILL

# ਮਾਤਾ ਸੁੰਦਰੀ ਕਾਲਜ ਫਾਰ ਵੂਮੈਨ

*(ਦਿੱਲੀ ਯੂਨੀਵਰਸਿਟੀ)*

## ਈ-ਜਰਨਲ

# ਆਰਸੀ

## 2019–2020

## ਪੰਜਾਬੀ ਵਿਭਾਗ

# ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੀ ਲੱਖ-ਲੱਖ ਵਧਾਈ



ਕਿਰਤ ਕਰੋ



ਵੰਡ ਛਕੋ



ਨਾਮ ਜਪੋ



### ਯੁੱਗ ਪੁਰਸ਼

# ਮਹਾਨ ਦਾਰਸ਼ਨਿਕ ਬਾਬਾ ਨਾਨਕ

ਪਹਿਲੇ ਸਿੱਖ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਸੰਸਥਾਪਕ ਹਨ। ਇਸ ਸਾਲ 2019 ਵਿੱਚ ਪੂਰੇ ਵਿਸ਼ਵ ਨੇ ਉਹਨਾਂ ਦਾ 550 ਸਾਲਾ ਪ੍ਰਕਾਸ਼ ਪੁਰਬ ਮਨਾਇਆ। ਇਸ ਮੌਕੇ ਅੰਤਰਰਾਸ਼ਟਰੀ ਗੁਰਪੁਰਬ ’ਤੇ ਮਾਤਾ ਸੁੰਦਰੀ ਕਾਲਜ ਫ਼ਾਰ ਵੁਮੈਨ ਦੇ ਪੰਜਾਬੀ ਵਿਭਾਗ ਨੇ ਗੁਰੂ ਨਾਨਕ ਦੇਵ ਜੀ ਨੂੰ ਇਕ ਮਹਾਨ ਦਾਰਸ਼ਨਿਕ ਦੇ ਰੂਪ ਵਿਚ ਪੇਸ਼ ਕੀਤਾ।

ਕਾਲਜ ਵੱਲੋਂ ਯੁੱਗ ਪੁਰਸ਼ ਗੁਰੂ ਨਾਨਕ ਦੇਵ ਜੀ ਨੂੰ ਮਾਨਵਤਾ ਦੇ ਮਸੀਹਾ ਵੱਜੋਂ ਚੇਤੇ ਕਰਦਿਆਂ ਅੰਤਰਰਾਸ਼ਟਰੀ ਕਾਨਫ਼ਰੰਸ ਕਰਵਾਈ ਗਈ।

## ਸਿੱਖੀ ਦੇ ਤਿੰਨ ਸੁਨਹਿਰੀ ਸਿਧਾਂਤ--

**ਕਿਰਤ ਕਰੋ:-** ਗੁਰੂ ਨਾਨਕ ਦੇਵ ਜੀ ਨੇ ਕਿਰਤ ਕਰਨ ਦਾ ਉਪਦੇਸ਼ ਦਿੰਦਿਆਂ ਇਮਾਨਦਾਰੀ ਨਾਲ ਜੀਵਨ ਜਿਉਣਾ, ਮਿਹਨਤ ਨਾਲ ਕਮਾਉਣਾ ਅਤੇ ਸਾਰੇ ਲੋਕਾਂ ਨੂੰ ਸੱਚ ਬੋਲਣ ਦੀ ਸਿੱਖਿਆ ਦਿੱਤੀ ਹੈ।

**ਵੰਡ ਛਕੋ:-** ਗੁਰੂ ਨਾਨਕ ਦੇਵ ਜੀ ਦਾ ਦੂਜਾ ਉਪਦੇਸ਼ ਵੰਡ ਕੇ ਛਕੋ ਹੈ ਜਿਸ ਵਿਚ ਚੀਜ਼ ਦੂਜਿਆਂ ਨਾਲ ਸਾਂਝਾ ਕਰਨਾ, ਲੋੜਵੰਦਾਂ ਦੀ ਸਹਾਇਤਾ ਕਰਨਾ ਅਤੇ ਆਪਣੇ ਸਿਧਾਂਤਾਂ ਅਤੇ ਧਨ ਨੂੰ ਸਾਂਝਾ ਕਰਨਾ।

**ਨਾਮ ਜਪੋ:-** ਗੁਰੂ ਨਾਨਕ ਦੇਵ ਜੀ ਨੇ ਤੀਜਾ ਉਪਦੇਸ਼ ਪਵਿੱਤਰ ਨਾਮ ਜਪਣ ਦਾ ਦਿੱਤਾ। ਵਾਹਿਗੁਰੂ ਦਾ ਸਿਮਰਨ ਕਰੋ, ਹਰ ਵੇਲੇ ਪਰਮਾਤਮਾ ਨੂੰ ਯਾਦ ਕਰਨ ਅਤੇ ਨਿਤਨੇਮ ਬਾਣੀ ਦਾ ਪਾਠ ਕਰਨ ਦੀ ਸਿੱਖਿਆ ਦਿੱਤੀ।




# ਵਿਦਿਆਰਥੀ ਸੰਪਾਦਕ

## ਰੀਆ ਆਨੰਦ

### ਸੰਪਾਦਕ

## ਡਾ. ਵਿਨਾਕਸ਼ੀ ਸ਼ਰਮਾ





# ਪ੍ਰਿੰਸੀਪਲ ਸੁਨੇਹਾ

ਮਾਤਾ ਸੁੰਦਰੀ ਕਾਲਜ ਦੇ ਪੰਜਾਬੀ ਵਿਭਾਗ ਦਾ ਇਹ 'ਈ-ਮੈਗਜ਼ੀਨ'-ਆਰਸੀ (e- magazine- aarsi) ਸ਼ਾਨਦਾਰ, ਸ਼ਲਾਘਾਯੋਗ , ਪ੍ਰਭਾਵਸ਼ਾਲੀ ਯਤਨ ਹੈ ਜੋ ਐਤਕੀਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੈ।

ਈ-ਮੈਗਜ਼ੀਨ ਆਰਸੀ ਦੇ ਇਸ ਤੀਜੇ ਐਡੀਸ਼ਨ ਨੂੰ ਰਿਲੀਜ਼ ਕਰਦਿਆਂ ਪੰਜਾਬੀ ਵਿਭਾਗ, ਇਸ ਦੇ ਮੁਖੀ. ਡਾ. ਅਮਰਬੀਰ ਕੌਰ ਤੇ ਖਾਸ ਤੌਰ 'ਤੇ ਇਸ ਦੇ ਸੰਪਾਦਕ ਡਾ. ਵਿਨਾਕਸ਼ੀ ਸ਼ਰਮਾ ਨੂੰ ਦਿਲੋਂ ਵਧਾਈ ਦਿੰਦਿਆਂ ਕਾਮਨਾ ਕਰਦੇ ਹਾਂ ਕਿ ਭਵਿੱਖ ਵਿਚ ਹਰ ਕਾਰਜ ਸਫ਼ਲ ਹੋਵੇ।

ਉਮੀਦ ਹੀ ਨਹੀਂ, ਸਾਨੂੰ ਇਹ ਯਕੀਨ ਹੈ ਕਿ ਹਰ ਸਾਲ ਤੁਸੀਂ ਇਹੋ ਜਿਹੇ ਕਾਰਜਾਂ ਨਾਲ ਪੰਜਾਬੀ ਵਿਭਾਗ 'ਤੇ ਕਾਲਜ ਦਾ ਨਾਂ ਰੌਸ਼ਨ ਕਰਦੇ ਰਹੋਗੇ।

**ਡਾ. ਹਰਪ੍ਰੀਤ ਕੌਰ**
**ਪ੍ਰਿੰਸੀਪਲ**



# ਸੰਪਾਦਕੀ

ਬੀ.ਏ ਆਨਰਜ਼ (ਪੰਜਾਬੀ) ਵਿਦਿਆਰਥੀਆਂ ਨੇ ਸਾਹਿਤਕ ਪ੍ਰੋਗਰਾਮ ਆਰਸੀ ਯੁਗ ਪੁਰਸ਼ ਸ੍ਰੀ ਗੁਰੂ ਨਾਨਕ ਦੇਵ ਜੀ ਦੀ 550ਵੀਂ ਵਰ੍ਹੇ ਗੰਢ ਨੂੰ ਨਿਵੇਕਲੇ ਅੰਦਾਜ਼ ਵਿਚ ਸਮਰਪਿਤ ਕੀਤਾ।

ਅਜੋਕੇ ਸਮੇਂ 'ਚ ਜਦੋਂ ਹਰ ਪਾਸੇ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ, ਬਾਣੀ ਦਾ ਪ੍ਰਚਾਰ ਤੇ ਪ੍ਰਸਾਰ ਤਾਂ ਹੋ ਰਿਹਾ ਹੈ ਪਰ ਉਨ੍ਹਾਂ ਦੀ ਸਿੱਖਿਆ 'ਤੇ ਅਮਲ ਹੋਣ ਪੱਖੋਂ ਅਵਾਮ ਵਿਚ ਜਾਗਰੂਕਤਾ ਨਹੀਂ ਫ਼ੈਲਾਈ ਗਈ।

ਏਸੇ ਸੋਚ ਤੇ ਮਹਿਸੂਸ ਕੀਤੀ ਗਈ ਘਾਟ ਨੂੰ ਮੱਦੇਨਜ਼ਰ ਰਖਦਿਆਂ ਕਾਲਜ ਦੇ ਪੰਜਾਬੀ ਵਿਭਾਗ ਦੇ ਵਿਦਿਆਰਥੀਆਂ ਨੇ ਵਿਲੱਖਣ ਪ੍ਰੋਗਰਾਮ ਉਲੀਕਿਆ ਜਿਸ ਵਿਚ ਬਾਬਾ ਨਾਨਕ ਦੇ ਸਿਧਾਂਤ - ਕਿਰਤ ਕਰੋ, ਵੰਡ ਛਕੋ, ਨਾਮ ਜਪੋ ਨੂੰ ਅਪਣਾਉਣ ਤੋਂ ਇਲਾਵਾ ਇਸ ਨੂੰ ਆਪਣੇ ਜੀਵਨ ਵਿਚ ਵਿਸ਼ੇਸ਼ ਅਮਲੀ ਜਾਮਾ ਪਹਿਨਾਉਣ ਦਾ ਅਹਿਦ ਲਿਆ।

ਇਸ ਦੇ ਤਹਿਤ ਪਹਿਲੇ ਸਾਲ ਦੇ ਵਿਦਿਆਰਥੀਆਂ ਨੇ ਕਿਰਤ ਕਰੋ ਦੇ ਸਿਧਾਂਤ ਦਾ ਪਾਲਣ ਕਰਨ ਲਈ ਆਪਣੇ ਆਪਣੇ ਤਰੀਕੇ ਨਾਲ ਲਿਖ ਕੇ ਆਪਣੇ ਦਸਤਖਤਾਂ ਹੇਠ ਲਿਖਿਆ ਕਿ ਉਹ ਆਪਣੇ ਰੋਜ਼ਾਨਾ ਜੀਵਨ ਵਿਚ ਕੋਈ ਵੀ ਕੰਮ ਆਪਣੇ ਹੱਥੀਂ ਜ਼ਰੂਰ ਕਰਨਗੇ ਜੋ ਨਾ ਕੇਵਲ ਉਹਨਾਂ ਦੇ ਮਾਪਿਆਂ ਦੀ ਸਹਾਇਤਾ ਹੋਵੇਗੀ ਸਗੋਂ ਭਵਿੱਖ ਵਿਚ ਵੀ ਮਿਹਨਤ ਕਰਨ ਦੇ ਗੁਣ ਪੈਦਾ ਕਰਦਿਆਂ ਸਹਾਈ ਹੋਵੇਗਾ।

ਦੂਜੇ ਸਾਲ ਦੇ ਵਿਦਿਆਰਥੀਆਂ ਨੇ ਵੰਡ ਛਕੋ ਦੇ ਸਿਧਾਂਤ 'ਤੇ ਡਟ ਕੇ ਪਹਿਰਾ ਦੇਣ ਦਾ ਅਹਿਦ ਲੈਂਦਿਆਂ ਵਚਨ ਦਿੱਤਾ ਕਿ ਉਹ ਆਪਣੀ ਨੇਕ ਕਮਾਈ (ਗਿਆਨ, ਵਿੱਦਿਆ, ਪੂੰਜੀ) ਨੂੰ ਦੂਜਿਆਂ ਨਾਲ ਵੰਡ ਕੇ ਕਈ ਗੁਣਾ ਦਾ ਇਜ਼ਾਫ਼ਾ ਕਰਨਗੇ।

ਨਾਮ ਜਪੋ ਦੇ ਸਿਧਾਂਤ ਲਈ ਤੀਜੇ ਸਾਲ ਦੇ ਵਿਦਿਆਰਥੀਆਂ ਨੇ ਗੁਰਬਾਣੀ ਦੀਆਂ ਤੁਕਾਂ ਦਾ ਸਹਾਰਾ ਲੈਂਦਿਆਂ ਆਪਣੇ ਜੀਵਨ ਵਿਚ ਸਹੀ ਮਾਅਨਿਆਂ ਵਿਚ ਅਮਲੀ ਰੂਪ ਦੇਣ ਦਾ ਸੰਕਲਪ ਲਿਆ। ਨਾਮ ਜਪੋ ਦਾ ਮਤਲਬ ਸਿਰਫ਼ ਉਚਾਰਨ ਹੀ ਨਹੀਂ, ਦਿਲੋਂ ਜਪ ਕੇ ਆਪਣੀ ਸ਼ਖਸੀਅਤ ਨੂੰ ਉਸਾਰੂ ਸੇਧ ਦੇਣ ਵੱਲ ਵੱਧਣਾ ਹੈ।

...'ਤਾਂ ਕਿ ਸਨਦ ਰਹੇ' ਦੀ ਮੋਹਰ ਲਾਉਣ ਵਾਂਗ/ ਵਿਦਿਆਰਥੀਆਂ ਦੁਆਰਾ ਉਨ੍ਹਾਂ ਸਾਰੇ ਸਿਧਾਤਾਂ ਨੂੰ ਸ਼ਿੱਦਤ ਨਾਲ ਅਪਣਾਉਣ ਲਈ ਲਏ ਦ੍ਰਿੜ ਸੰਕਲਪ 'ਤੇ ਕੀਤੇ ਦਸਤਖਤਾਂ ਵਾਲੇ ਕਾਗਜ਼ਾਤ ਕਾਲਜ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ ਨੂੰ ਭੇਂਟ ਕੀਤੇ ਗਏ ਜੋ ਬਾਅਦ ਵਿਚ ਹੋਰਨਾਂ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨ ਲਈ ਕਾਲਜ ਦੇ ਨੋਟਿਸ ਬੋਰਡ 'ਤੇ ਲਾਏ ਗਏ।

ਇਸ ਤੋਂ ਇਲਾਵਾ ਪੰਜਾਬ ਸਾਹਿਤ ਅਕੈਡਮੀ, ਚੰਡੀਗੜ੍ਹ ਦੇ ਸਹਿਯੋਗ ਨਾਲ ਦੋ ਰੋਜ਼ਾ ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ਅਕਾਦਮੀ ਦੇ ਪ੍ਰਧਾਨ ਡਾ. ਸਰਬਜੀਤ ਕੌਰ ਸੋਹਲ ਤੇ ਜਨਰਲ ਸਕੱਤਰ ਡਾ. ਸਤੀਸ਼ ਕੁਮਾਰ ਵਰਮਾ ਸ਼ਿਰਕਤ ਕਰਨ ਵਾਲਿਆਂ ਵਿਚ ਹੋਰਨਾਂ ਤੋਂ ਇਲਾਵਾ ਪ੍ਰਮੁੱਖ ਸਨ।

ਕੈਨੇਡਾ ਵਿਚ ਜੂਨ 2019 ਵਿਚ ਹੋਈਆਂ ਵਿਸ਼ਵ ਪੰਜਾਬੀ ਕਾਨਫ਼ਰੰਸਾਂ ਵਿਚ ਮੈਨੂੰ ਵੀ ਯੁੱਗਪੁਰਸ਼ ਗੁਰੂ ਨਾਨਕ ਦੇਵ ਜੀ 'ਤੇ ਵਿਚਾਰ ਪ੍ਰਗਟਾਉਣ ਦਾ ਸੁਭਾਗ ਪ੍ਰਾਪਤ ਹੋਇਆ। ਡਾ. ਅਮਰਜੀਤ ਕੌਰ ਨੇ ਨੇਪਾਲ ਵਿਚ ਤੇ ਡਾ. ਹਰਵਿੰਦਰ ਸਿੰਘ ਨੇ ਗੁਰੂ ਨਾਨਕ ਦੇਵ ਜੀ ਬਾਰੇ ਡੇਰਾ ਬਾਬਾ ਨਾਨਕ ਵਿਖੇ ਪੰਜਾਬ ਸਰਕਾਰ ਦੇ ਸੈਮੀਨਾਰ ਵਿਚ ਸ਼ਿਰਕਤ ਕੀਤੀ।

ਐਤਕੀਂ ਦੇ ਇਸ ਈ-ਮੈਗਜ਼ੀਨ ਆਰਸੀ ਵਿਚ ਵਿਦਿਆਰਥੀ ਸੰਪਾਦਕ ਰੀਆ ਆਨੰਦ ਵੱਲੋਂ ਕੀਤਾ ਕਾਰਜ ਯਕੀਨਨ ਸ਼ਲਾਘਾਯੋਗ ਹੈ।

ਡਾ. ਵਿਨਾਕਸ਼ੀ ਸ਼ਰਮਾ

ਸੰਪਾਦਕ

# ਕਾਲਜ ਪੰਜਾਬੀ ਵਿਭਾਗ ਦੀ ਪ੍ਰਤੀਨਿਧਤਾ







## ਕੈਨੇਡਾ ਤੇ ਨੇਪਾਲ 'ਚ






In Canada & Nepal

# ਵਿਦਿਆਰਥੀ ਸੰਪਾਦਕ ਵੱਲੋਂ



**ਰੀਆ ਆਨੰਦ**

ਮਹਾਨ ਦਾਰਸ਼ਨਿਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਦਿਵਸ ਨੂੰ ਸਮਰਪਿਤ ਅਸੀਂ ਸਾਰਾ ਸਾਲ ਚਰਚਿਤ ਰਹੇ ਬਾਬਾ ਨਾਨਕ ਦੇ ਵਿਚਾਰਾਂ ਅਤੇ ਨੈਤਿਕਤਾ ਨੂੰ ਈ- ਮੈਗਜ਼ੀਨ ਵਿਚ ਸਮਰਪਿਤ ਕੀਤਾ ਹੈ।

ਸਾਡੇ ਯਤਨਾਂ ਨੂੰ ਇਸ ਈ- ਮੈਗਜ਼ੀਨ ਰਾਹੀਂ ਪੂਰਾ ਕਰਨ ਅਤੇ ਇਸ ਨੂੰ ਸਫ਼ਲ ਬਣਾਉਣ ਲਈ ਡਾ.ਵਿਨਾਕਸ਼ੀ ਸ਼ਰਮਾ ਦੁਆਰਾ ਨਿਰੰਤਰ ਸਮਰਥਨ ਅਤੇ ਉਤਸ਼ਾਹ ਨਾਲ ਪ੍ਰੇਰਣਾ ਦਿੱਤੀ ਗਈ।

ਰੀਆ ਆਨੰਦ
ਪੰਜਾਬੀ ਵਿਭਾਗ



ਸਿਰਜਣਾਤਮਕ ਪ੍ਰਗਟਾਵੇ ਅਤੇ ਗਿਆਨ ਵਿੱਚ ਖੁਸ਼ੀ ਜਗਾਉਣਾ
ਅਧਿਆਪਕ ਦੀ ਸਰਵਉੱਚ ਕਲਾ ਹੈ !

## ਪੰਜਾਬੀ ਵਿਭਾਗ

ਡਾ. ਅਮਰਬੀਰ ਕੌਰ
ਮੁਖੀ

ਡਾ. ਇਕਬਾਲ ਕੌਰ

ਡਾ. ਗੁਰਜੀਤ ਕੌਰ

ਡਾ. ਜਗਜੀਤ ਕੌਰ

ਡਾ. ਵਿਨਾਕਸ਼ੀ ਸ਼ਰਮਾ

ਡਾ. ਹਰਵਿੰਦਰ ਕੌਰ

ਡਾ. ਅਮਰਜੀਤ ਕੌਰ

ਡਾ. ਹਰਵਿੰਦਰ ਸਿੰਘ

ਡਾ. ਸਵਰਨ ਕੌਰ




# ਪੰਜਾਬੀ ਵਿਭਾਗ ਵੱਲੋਂ ਖੁਸ਼ਆਮਦੀਦ

ਮਾਤਾ ਸੁੰਦਰੀ ਕਾਲਜ ਦੇ ਪੰਜਾਬੀ ਵਿਭਾਗ ਵੱਲੋਂ ਕਾਲਜ ਵਿੱਚ ਪਹਿਲੇ ਸਾਲ ਦੇ ਵਿਦਿਆਰਥੀਆਂ ਦੇ ਸੁਆਗਤ ਵਿੱਚ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਆਰਸੀ ਪ੍ਰੋਗਰਾਮ ਕੀਤਾ ਗਿਆ, ਜਿਸ ਦਾ ਮੰਤਵ ਵਿਦਿਆਰਥੀਆਂ ਨੂੰ ਮਹਾਨ ਦਾਰਸ਼ਨਿਕ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਨੈਤਿਕਤਾ ਬਾਰੇ ਦੱਸਣਾ ਸੀ।

ਇਹ ਪ੍ਰੋਗਰਾਮ ਪੰਜਾਬੀ ਵਿਭਾਗ ਨੇ ਗੁਰੂਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕੀਤਾ । ਵਿਭਾਗ ਦੀ ਮੁਖੀ ਡਾ. ਅਮਰਬੀਰ ਕੌਰ ਨੇ 'ਜੀ ਆਇਆਂ ਨੂੰ' ਕਹਿੰਦੇ ਹੋਏ ਬੱਚਿਆਂ ਦਾ ਸਵਾਗਤ ਕੀਤਾ। ਉਨ੍ਹਾਂ ਨੇ ਆਪਣੇ ਕਾਲਜ ਦੀ ਇਤਿਹਾਸਕ ਭੂਮਿਕਾ ਬਾਰੇ ਜ਼ਿਕਰ ਕਰਦੇ ਹੋਏ ਕਿਹਾ ਕਿ ''ਇਹ ਕਾਲਜ'' ਮਾਤਾ ਸੁੰਦਰੀ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਹੈ, ਮਾਤਾ ਸੰਦਰੀ ਜੀ ਇੱਕ ਅਜਿਹੀ ਸਖ਼ਸ਼ੀਅਤ ਸਨ ਜਿਨ੍ਹਾਂ ਦੇ ਜੀਵਨ ਵਿੱਚ ਧਾਰਮਕ ਦ੍ਰਿੜਤਾ, ਦੂਰ-ਦ੍ਰਿਸ਼ਟੀ ਅਤੇ ਰਾਜਨੀਤਕ ਸੂਝ-ਬੂਝ ਆਦਿ ਗੁਣਾਂ ਵਾਲੀ ਕੌਮੀ ਆਗੂ ਦੇ ਦਰਸ਼ਨ ਹੁੰਦੇ ਹਨ।



# ਆਰਸੀ



## ਆਰਸੀ ਦਾ ਅਰਥ ਹੁੰਦਾ ਹੈ, ਗਹਿਣਾ!

ਗਹਿਣਾ ਜਿਵੇਂ ਇਨਸਾਨ ਦੀ ਬਾਹਰੀ ਸ਼ੋਭਾ ਵਧਾਉਂਦਾ ਹੈ, ਉਸੇ ਤਰ੍ਹਾਂ ਸਾਡੇ ਇਸ ਪ੍ਰੋਗਰਾਮ ਆਰਸੀ ਵਿਚ ਕਵਿਤਾਵਾਂ, ਗੀਤਾਂ ਅਤੇ ਨਾਟਕ **ਨੇ** ਬਹਿਜਾ ਬਹਿਜਾ ਕਰਵਾ ਕੇ ਰੱਖ ਦਿੱਤੀ।

ਵਿਦਿਆਰਥੀਆਂ ਨੇ ਆਪਣੇ ਭਾਵਾਂ ਨੂੰ ਕਵਿਤਾਵਾਂ ਅਤੇ ਰਚਨਾਵਾਂ ਦੇ ਤੌਰ 'ਤੇ ਪੇਸ਼ ਕੀਤਾ।













# ਨਾਟਕ ਮੰਚਨ

ਰੀਆ ਆਨੰਦ ਬੀ.ਏ. ਸਾਲ ਦੂਜਾ ਨੇ ਸਾਥੀ ਵਿਦਿਆਰਥੀ ਕਲਾਕਾਰਾਂ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ 'ਵੰਡ ਛਕੋ' ਨੂੰ ਨਾਟਕ ਰਾਹੀਂ ਪੇਸ਼ ਕੀਤਾ। ਨਾਟਕ ਰਾਹੀਂ ਗੁਰੂ ਨਾਨਕ ਦੇ ਸਿਧਾਂਤਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਦੀ ਪ੍ਰੇਰਨਾ ਦਿੱਤੀ।

ਸਮਾਜਕ ਧਾਰਮਕ ਕਦਰਾਂ ਕੀਮਤਾਂ ਦੇ ਨਾਲ-ਨਾਲ ਗਿਆਨ ਬਾਰੇ ਦੂਜੇ ਤੇ ਤੀਜੇ ਸਾਲ ਦੇ ਵਿਦਿਆਰਥੀਆਂ ਨੇ ਵਿਲੱਖਣ ਤਰੀਕੇ ਨਾਲ ਨਵੇਂ ਆਏ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ।










# ਮੰਚ 'ਤੇ ਵਿਦਿਆਰਥੀ ਕਲਾਕਾਰ

ਤੀਜੇ ਸਾਲ ਦੇ ਵਿਦਿਆਰਥੀਆਂ ਨੇ ਪੇਸ਼ਕਾਰੀ ਦੇ ਪ੍ਰਭਾਵਸ਼ਾਲੀ ਤਰੀਕੇ ਨਾਲ ਭਾਰਤੀ ਕਾਵਿ ਸ਼ਾਸਤਰ (The Indian Poetry Literature) ਦੇ ਨੌਂ ਰਸਾਂ ਨੂੰ ਪੇਸ਼ ਕੀਤਾ ਜੋ ਉਹਨਾਂ ਦੇ ਕੋਰਸ ਦਾ ਇੱਕ ਪੇਪਰ ਵੀ ਹੈ।










# ਸੈਮੀਨਾਰ / ਅੰਤਰਰਾਸ਼ਟਰੀ ਕਾਨਫ਼ਰੰਸ




ਆਪਣੀ ਮਾਂ ਬੋਲੀ ਪੰਜਾਬੀ ਨੂੰ ਹੋਰ ਪ੍ਰਫੁੱਲਤ ਕਰਨ ਵਿੱਚ ਸਾਡੇ ਕਾਲਜ ਨੇ ਵੀ ਦੋ ਰੋਜ਼ਾ ਰਾਸ਼ਟਰੀ ਸੈਮੀਨਾਰ- ਅਨੁਵਾਦ : ਇਕ ਸੰਵਾਦ ਦਾ ਸੰਵਾਦ ਰਚਾਇਆ ਜਿਸ ਦੇ ਕਨਵੀਨਰ ਡਾ. ਗੁਰਜੀਤ ਕੌਰ ਸਨ, ਵਿਚ ਕਈ ਵਿਦਵਾਨ ਸ਼ਾਮਲ ਹੋਏ।

ਕਾਲਜ ਵਿਚ ਕਰਵਾਈ ਗਈ 'ਅੰਤਰਰਾਸ਼ਟਰੀ ਕਾਨਫ਼ਰੰਸ ਵਿੱਚ ਵੀ ਪੰਜਾਬੀ ਵਿਭਾਗ ਦਾ ਅਹਿਮ ਯੋਗਦਾਨ ਰਿਹਾ।''




ਅਨੁਵਾਦ


ਦੋ ਰੋਜ਼ਾ ਰਾਸ਼ਟਰੀ ਸੈਮੀਨਾਰ

# ਸਫ਼ਰਨਾਮਾ ਸੈਸ਼ਨ

ਸਫ਼ਰਨਾਮਾ (Travelogy) ਸਾਡੇ ਪੰਜਾਬੀ ਸਿਲੇਬਸ ਦਾ ਇੱਕ ਅਹਿਮ ਵਿਸ਼ਾ ਹੈ ਜਿਸ ਨੂੰ ਅਸੀਂ ਤੀਜੇ ਸਾਲ ਵਿੱਚ ਪੜ੍ਹਦੇ ਹਾਂ । ਇਸ ਬਾਰੇ ਵਿਦਿਆਰਥੀ ਹੋਰ ਜਾਣਕਾਰੀ ਪ੍ਰਾਪਤ ਕਰ ਸਕਣ, ਇਸ ਲਈ ਸਾਡੇ ਹੀ ਕਾਲਜ ਦੀ ਅੰਗਰੇਜ਼ੀ ਵਿਭਾਗ ਦੀ ਅਧਿਆਪਿਕਾ ਹੇਮਾ ਨੇ ਅੰਤਰ-ਅਨੁਸ਼ਾਸਨੀ ਪ੍ਰੋਗਰਾਮ ਤਹਿਤ ਸਫ਼ਰਨਾਮਾ ਸਾਹਿਤ 'ਤੇ ਬੀ.ਏ ਪੰਜਾਬੀ ਆਨਰਜ਼ ਦੂਜੇ ਅਤੇ ਤੀਜੇ ਸਾਲ ਦੇ ਵਿਦਿਆਰਥੀਆਂ ਨੂੰ ਅੰਗਰੇਜ਼ੀ ਭਾਸ਼ਾ ਵਿਚ ਜਾਣਕਾਰੀ ਪ੍ਰਾਪਤ ਕਰਵਾਈ







# ਭਰੂਣ ਹੱਤਿਆ



ਕੱਲ੍ਹ ਮੁਲਾਕਾਤ ਹੋਈ ਸੀ,
ਉਹਨਾਂ ਬੂੰਦਾਂ ਨਾਲ ਜੋ ਵਹਿ ਗਈਆਂ ਸਨ
ਉਹਨਾਂ ਬੱਚਿਆਂ ਦੀਆਂ ਅੱਖਾਂ ਤੋਂ ਜੋ ਕਰਨਾ ਚਾਹੁੰਦੀ ਸੀ
ਆਸਮਾਨ ਵਿਚ ਕੀਰਤਨ
ਨਿਖਾਰਨਾ ਚਾਹੁੰਦੀ ਸੀ ਉਮੀਦ ਦੀ ਕਿਰਨ
ਉੱਗਣਾ ਚਾਹੁੰਦੀ ਸੀ ਉਜਾਲਾ ਬਣਕੇ,
ਉੱਡਣਾ ਚਾਹੁੰਦੀ ਸੀ ਧਰਤੀ ਵਿੱਚ ਰਹਿ ਕੇ,
ਖੇਡਣਾ ਚਾਹੁੰਦੀ ਸੀ, ਪੱਥਰਾਂ ਦੀਆਂ ਗਿਟੀਆਂ ਨਾਲ,
ਵਾਪਸ ਪਰਤਨਾਂ ਚਾਹੁੰਦੀ ਸੀ ਵਿਹੜੇ ਦੀ ਮਿੱਟੀ ਨਾਲ,
ਰਹਿਣਾ ਚਾਹੁੰਦੀ ਸੀ ਬੇਬੇ ਦੇ ਆਂਚਲ ਵਿੱਚ
ਵਗਣਾ ਚਾਹੁੰਦੀ ਸੀ ਮਾਂ ਦੀ ਮਮਤਾ ਦੇ ਰੰਗ ਵਿੱਚ
ਕਹਿਣਾ ਚਾਹੁੰਦੀ ਸੀ ਮੈਨੂੰ ''ਸਵੀਕਾਰ ਕਰੋ''
ਬੇਬੇ ਦੀ ਇਸ ਕੁੱਖ 'ਚ ਮੇਰੇ 'ਤੇ ਨਾ ਕੋਈ ਵਾਰ ਕਰੋ ।।

ਹਰਕੀਰਤ ਕੌਰ
ਦੂਸਰਾ ਸਾਲ

# ਪਿਆਰੀ ਮਾਂ



ਰੱਬ ਵਰਗੀ ਮਾਂ ਮੇਰੀ ਇਹ,
ਮੇਰੇ ਸਿਰ ਕਰਜ਼ ਬੜੇ ਨੇ,
ਉਹਨੂੰ ਹਰ ਖੁਸ਼ੀ ਵਿਖਾਵਾਂ,
ਮੇਰੇ ਵੀ ਇਹ ਫ਼ਰਜ਼ਬੜੇ ਨੇ
ਬੋਹੜ ਪਿੱਪਲ ਦੀ ਛਾਂ ਨਾਲੋਂ,
ਗੂੜ੍ਹੀ ਮਾਂ ਦੀ ਛਾਂ ਹੁੰਦੀ ਹੈ,
ਰੱਬ ਵੀ ਆਪਣੀ ਥਾਂ ਠੀਕ,
ਪਰ ਮਾਂ ਤਾ ਆਖਿਰ ਮਾਂ ਹੁੰਦੀ ਹੈ।

ਮੈਨੂੰ ਮਿਲਿਆ ਨਾ ਮਾਏ ਕਿਤੇ
ਤੇਰੀ ਗੋਦੀ ਜੇਹਾ ਸੁੱਖ,
ਮੈ ਜਿੰਨੀ ਵਾਰੀ ਆਵਾਂ ਜੱਗ 'ਤੇ
ਮੈਨੂੰ ਮਿਲੇ ਤੇਰੀ ਕੁੱਖ
ਗੁਰੂ, ਪੀਰਾਂ, ਫ਼ਕੀਰਾਂ ਨੂੰ,
ਸਾਰਾ ਜੱਗ ਦਿਖਾਉਂਦੀਆਂ ਮਾਵਾਂ ਨੇ,
ਕੁੱਟਦੀ ਮਾਰਦੀ ਭਾਵੇਂ,
ਪਰ ਬਾਹਲਾ ਪਿਆਰ ਦਿਖਾਉਂਦੀਆਂ ਮਾਵਾਂ ਨੇ



ਆਪ ਰੋ ਰੋ ਕੇ,
ਘੁੱਟ ਸੀਨੇ ਲਾਓਂਦੀਆਂ ਨੇ ਮਾਵਾਂ,
ਹਰ ਦੁੱਖ ਆਪਣਾ ਸਮਝ ਕੇ,
ਝੱਟ ਅੱਗੇ ਆਉਂਦੀਆਂ ਨੇ ਮਾਵਾਂ
ਮਾਂ ਦਾ ਪਿਆਰ,ਪਿਆਰ ਮਿਲਦਾ ਹੈ,
ਨਸੀਬਾਂ ਵਾਲਿਆਂ ਨੂੰ, ਦੁਨੀਆਂ ਵਿੱਚ ਨਹੀਂ,
ਇਸ ਦਾ ਬਾਜ਼ਾਰ ਹੁੰਦਾ,
ਇਹ ਰਿਸ਼ਤਾ ਹੈ, ਰੱਬ ਦੀ ਰਹਿਮਤ ਦਾ ,
ਹਰ ਰਿਸ਼ਤਾ ਨਹੀਂ,
ਇੰਨਾ ਵਫ਼ਾਦਾਰ ਹੂੰਦਾ।।

ਸ਼ਿਵਾਨੀ
ਦੂਜਾ ਸਾਲ

# ਬਾਬਾ ਨਾਨਕ



ਕੋਈ ਖਿੱਚ ਸੀ, ਤੈਨੂੰ ਲਈ ਫ਼ਿਰਦੀ,
ਕਦੇ ਜੰਗਲਾਂ ਅਤੇ ਪਹਾੜਾਂ ਦੇ ਵਿੱਚ।
ਕਿਸੇ ਧੂਹ ਦਾ ਧੂਹਿਆ ਜਾਂਵਦਾ ਸੀ
ਭੱਜ ਭਜ ਕੇ ਵਣਾਂ ਉਜਾੜਾ ਦੇ ਵਿੱਚ

ਕਾਹਦੇ ਵਾਸਤੇ ਸਾਗਰ ਤੂੰਗਾਹੇ,
ਕਾਹਦੇ ਵਾਸਤੇ ਤਪਦੇ ਰੇਤ ਲੰਘੇ।
ਭੋਹ ਮਾਘ ਦੀ ਠੰਢ ਨਾ ਤੂੰਵੇਖੀ,
ਸਿਰੋ ਵੇਖੇ ਨਾ ਹਾੜਾ ਤੇ ਜੇਠ ਲੰਘੇ।


ਭੀਲ ਨਾਲ ਦੱਸ ਤੇਰਾ ਸੀ ਕੀ ਰਿਸ਼ਤਾ
ਮਿਲਿਆ ਕੌੜੇ ਨੂੰ ਜੀਹਨੇ ਵਾਸਤੇ ਤੂੰ।
ਜਿਨ੍ਹਾਂ ਉੱਤੋ ਸੀ ਲੰਘਣਾ ਬਹੁਤ ਮੁਸ਼ਕਿਲ,
ਸਾਰੇ ਗਾਹ ਮਾਰੇ ਉਹ ਰਾਸਤੇ ਤੂੰ।

ਜਿਸਦੀ ਹਉਮੈ ਸੀ ਜੜੀ ਪਹਾੜਾਂ ਉੱਤੇ।
ਉਹਨੂੰ ਪਾਣੀ ਜਿਉਂ ਹੇਠਾ ਲਾਹ ਲਿਆ।
ਜਿਹੜਾ ਔਝੜੇ ਔਝੜੇ ਜਾਂਵਦਾ ਸੀ
ਉਹਨੂੰ ਮੋੜ ਸਿੱਧੇ ਰਾਹੇ ਪਾ ਲਿਆ।

ਕੁੱਲ੍ਹੀ ਲਾਲੋ ਦੀ ਸੋਹਣਾ ਮਹਿਲ ਦਿੱਸੀ,
ਥੋਲਰ ਭਾਗੋ ਦੇ ਕੜੇ ਮੈਦਾਨ ਦਿੱਸੇ।
ਹਿੰਦੂ, ਮੁਸਲਿਮ, ਨਾ ਕੋਈ ਜੈਨ, ਬੋਧੀ
ਤੈਨੂੰ ਲੋਕ ਸਭ ਰੱਬੀ ਇਨਸਾਨ ਦਿੱਸੇ।

ਲੱਗੇ ਰੋਗ ਕੋਈ ਤਾਂ ਇਲਾਜ ਖਾਤਰ,
ਰੋਗੀ ਵੈਦ ਕੋਲ ਚੱਲ ਕੇ ਆਂਵਦੇ ਨੇ
ਨਾਨਕ ਵੈਦ ਵਰਗੇ ਹੋਰ ਵੈਦ ਕਿੱਥੇ
ਜਿਹੜੇ ਰੋਗੀ ਕੋਲ ਖੁਦ ਜਾਂਵਦੇ ਨੇ।

ਜਸਲੀਨ ਕੌਰ
ਦੂਜਾ ਸਾਲ



# ਖਾਮੋਸ਼ ਸ਼ਾਇਰ

ਕੁਝ ਨਾ ਕਹਿ ਖਾਮ···ਸ਼ ਹੀ ‘ਓ’ ਸ਼ਾਇਰਾ
ਸਭ ਨੂੰ ਤੇਰੇ ਕਹਿਣ ’ਤੇ ਇਤਰਾਜ਼ਹੈ
ਸੁਣ ਤੇਰੀ ਆਵਾਜ਼ ਉਹ ਆ ਜਾਣਗੇ
ਤੇ ਤੈਨੂੰ ਹਮੇਸ਼ਾ ਲਈ ਚੁੱਪ ਕਰਾ ਜਾਣਗੇ

ਕੀ ਪਤਾ ਕਿੱਥੇ ਤੱਕ ਜਾਣਾ ਇਹਨਾਂ ਸਾਹਾਂ ਨੇ,
ਲਫ਼ਜ਼ਾਂ ਨੂੰ ਅੰਦਰ ਰੱਖ ਨਹੀਂ ਸਕਦੇ,
ਬਾਹਰ ਨਿੱਕਲੇ ਤਾਂ ਕਹਿਰ ਮੱਚ ਜਾਣਾ,
ਅੰਦਰ ਰਹਿ ਗਏ ਤਾਂ ਦਿਲ ਟੁੱਟ ਜਾਣਾ।।
ਬਾਹਰ ਨਿਕਲੇ ਤਾਂ ਕਹਿਰ ਮੱਚ ਜਾਣਾ,
ਅੰਦਰ ਰਹਿ ਗਏ ਤਾਂ ਦਿਲ ਟੁੱਟ ਜਾਣਾ।।

ਬਹੁਤ ਬੁਰਾ ਹਾਲ ਹੈ ਦੁਨੀਆਂ ਦਾ,
ਦਿਲ ਕਰਦਾ ਮੁੱਦੇ ਉਠਾਵਾਂ,
ਪਰ ਫ਼ਿਰ ਚਿੱਤ ਕਰੇ ਚੁੱਪ ਹੀ ਰਹਾਂ,
ਹੁਣ ਜ਼ਿੰਦਗੀ ਜਿਉਣ ਦਾ ਸਲੀਕਾ
ਕੀਹਨੂੰ-ਕੀਹਨੂੰ ਸਿਖਾਵਾਂ...
ਕਿਉਂਕਿ.....
ਕੁਝ ਫ਼ੈਸ਼ਨ ਦੇ ਵਿਚ ਉਲਝ ਗਏ,
ਕੁਝ ਦੀਆਂ ਪਈਆਂ ਕਿਤਾਬਾਂ ਖਾਲੀ ਨੇ,
ਕੁਝ ਨਸ਼ਿਆਂ ਵੱਲ ਭੱਜ ਰਹੇ,
ਕਈ ਗੱਲਾਂ ਤਾਂ ਮੈਂ ਵੀ ਟਾਲੀਆਂ ਨੇ।।
ਕਹਿਣਾ ਤਾਂ ਬਹੁਤ ਕੁਝ ਹੈ,
ਪਰ ਲਫ਼ਜ਼ਅੱਜ ਮੁੱਕ ਗਏ,

ਇੰਦਰਜੀਤ ਨੇ ਵੀ ਇਕ ਦਿਨ ਤੁਰ ਜਾਣਾ ਜਿਵੇਂ ਬਾਕੀ ਸ਼ਾਇਰ ਤੁਰ ਗਏ,
ਇੰਦਰਜੀਤ ਨੇ ਚੁੱਪ ਚਾਪ ਹੀ ਤੁਰ ਜਾਣਾ ਜਿਵੇਂ ਬਾਕੀ ਸ਼ਾਇਰ ਤੁਰ ਗਏ....

ਇੰਦਰਜੀਤ ਕੌਰ,
ਤੀਜਾ ਸਾਲ

# ਮੈਂ ਕੀ ਆਖਾਂ ਇਸ ਦੁਨੀਆਂ ਨੂੰ

ਮੈਂ ਕੀ ਆਖਾਂ ਇਸ ਦੁਨੀਆਂ ਨੂੰ, ਮੈਂ ਕੀ ਆਖਾਂ ਇਸ ਦੁਨੀਆਂ ਨੂੰ

ਜਿਹੜੀ ਨਾ ਜਾਣੇ ਕਿਹੜੇ ਅਸੂਲਾਂ 'ਤੇ ਚੱਲਦੀ ਹੈ।

ਜਿਥੇ ਮਾਂ ਨੂੰ ਦੇਵੀ ਆਖਿਆਹੈ, ਤੇ ਨੂੰਹ ਲਈ ਹੁੰਦੀ ਧਮਕੀ ਹੈ। ਜਿਥੇ ਨੂੰਹ ਨੂੰ ਲਿਆਉਂਦੇ ਕੰਮਕਾਰ ਲਈ, ਪਰ ਧੀ ਰੱਖੀ ਲਾਡਲੀ ਏ।

ਜਿਥੇ ਮੁੱਲ ਇਮਾਨਦਾਰੀ ਦਾ ਪੈਸਿਆਂ ਦੇ ਨਾਲ ਲੱਗਦਾ ਹੈ। ਜਿਥੇ ਹਾਕਾਂ ਇਕ ਗਰੀਬ ਦੀਆਂ ਕੋਈ ਵਿਹਲਾ ਵੀ ਨਾ ਸੁਣਦਾ ਹੈ।

ਮੈਂ ਕੀ ਆਖਾਂ ਇਸ ਦੁਨੀਆਂ ਨੂੰ

ਮਨੁੱਖਤਾ ਦਾ ਅਰਥ ਜਿੱਥੇ ਸਭ ਭੁੱਲੀ ਬੈਠੇ ਨੇ। ਲੋੜ ਨਹੀਂ ਕਿਸੇ ਹੋਰ ਦੀ, ਇਹ ਕਹਿੰਦੇ ਆਪਣੇ ਸਾਕਾਂ ਨੂੰ ਭੁੱਲੀ ਬੈਠੇ ਨੇ ਜਿੱਥੇ ਕਿਸੇ ਸ਼ਹੀਦ ਦੀ ਕੁਰਬਾਨੀ ਦੀ ਨਾ ਕਦਰ ਕਿਸੇ ਨੇ ਪਾਈ ਏ। ਜਿੱਥੇ ਗਰੀਬ ਮਾਪਿਆਂ ਨੇ ਆਪਣੀ ਧੀ ਕਿਸੇ ਅਮੀਰ ਬੁੱਢੇ ਦੇ ਲੜ ਲਾਈ ਹੈ।

ਜਿੱਥੇ ਇੱਕ ਕੁੜੀ ਦੇ ਬਲਾਤਕਾਰ ਤੋਂ ਬਾਅਦ ਕੋਈ ਮੁਜ਼ਰਿਮਾਂ ਨੂੰ ਨਾ ਫ਼ੜਦਾ ਏ।

ਲੋਕੀਂ ਆਪਣੇ ਮੁੰਡਿਆਂ ਨੂੰ ਤਾਂ ਸਿੱਖਿਆ ਦਿੰਦੇ ਤੇ ਇਹ ਸਭ ਕੁਛ ਹੋ ਜਾਣ ਤੋਂ ਬਾਅਦ ਜੱਥਾ ਇਕ ਲੋਕਾ ਦਾ ਵੱਡੀਆਂ ਇਮਾਰਤਾਂ ਮੂਹਰੇ ਜਾ ਖੜਦਾ ਹੈ। ਮੋਮਬੱਤੀਆਂ ਫ਼ੜ ਕੇ ਹੱਥਾਂ 'ਚ ਉਹ ਇਨਸਾਫ਼ ਦੀ ਮੰਗ ਕਰਦਾ ਹੈ।



ਫ਼ਿਰ ਕਿਉਂ ਆਪਣੇ ਸਵਾਰਥ ਲਈ ਉਹ ਕਿਸੇ ਦੂਜੇ ਦੀ ਕਾਮਯਾਬੀ ਵੀ ਨੀ ਜਰਦਾ ਏ। ਕਿਉਂ ਕਿਸੇ ਨੂੰ ਉੱਚਾ ਉਡਦੇ ਵੇਖ ਉਹ ਅੰਦਰੋ-ਅੰਦਰੀ ਸੜਦਾ ਏ।

ਮੈ ਕੀ ਆਖਾਂ ਇਸ ਦੁਨੀਆਂ ਨੂੰ....

ਉਂਜ ਗ੍ਰੰਥਾਂ 'ਚ ਲਿਖੀ ਗੱਲ ਕਿਸੇ ਮੰਨਣੀ ਨਾ, ਪਰ ਤੀਰਥ ਜਾਣਾ ਸਭ ਨੇ ਏ। ਉਦਾਂ ਇੱਕ ਮਨੁੱਖ 'ਚ ਵਸਦਾ ਰੱਬ ਕਿਸੇ ਨੂੰ ਦਿਸਦਾ ਨਾ,

ਪਰ ਪੱਥਰ ਦੀ ਸੂਰਤ ਮੂਹਰੇ ਸੀਸ ਨਿਵਾਣਾ ਸਭ ਨੇ ਏ।

ਇਥੇ ਧੀ ਜੰਮਣ 'ਤੇ ਰੋਂਦੇ ਨੇ, ਤੇ ਮੁੰਡੇ ਦੇ ਲਈ ਮਰਦੇ ਨੇ, ਫ਼ਿਰ ਕਿਉਂ ਚੇਸ਼ਠਾ ਹਰ ਇਕ ਰਾਤੀਂ ਇਕ ਕੁੜੀ ਦੇ ਨਾਲ ਸੌਣ ਦੀ ਕਰਦੇ ਨੇ। ਇਥੇ ਕਸੂਰਵਾਰ ਨੂੰ ਬੇਕਸੂਰ ਤੇ ਬੇਕਸੂਰ ਨੂੰ ਕਸੂਰਵਾਰ ਕਹਾਰਦੇ ਨੇ ਹਰ ਛੋਟੀ-ਛੋਟੀ ਗੱਲ ਉੱਤੇ ਇਹ ਇਕ ਦੂਜੇ ਨੂੰ ਮਾਰਦੇ ਨੇ ਮੈਂ ਕੀ ਆਖਾਂ ਇਸ....

ਫ਼ੋਨਾਂ ਦੇ ਇਸ ਯੁੱਗ ਵਿੱਚ ਰਿਸ਼ਤੇ ਪਿਆਰ ਵਾਲੇ ਨਿਭਾਉਂਦੇ ਨਾ ਘਰ ਬੈਠੇ ਮਾਪਿਆਂ ਦਾ ਮੁੱਲ ਨਹੀਂ, ਬਾਹਰਲੀ ਦੁਨੀਆਂ ਮੂਹਰੇ ਚੰਗਾ ਬਨਣਾ ਚਾਹੁੰਦੇ ਨੇ ਸਮਾਂ ਅੱਖਾਂ ਵਿੱਚ ਵਸਾਉਣ ਦੀ ਥਾਂ ਐਪਰ ਫ਼ੋਟੋਆਂ ਨੂੰ ਯਾਦਾਂ ਬਣਾਉਂਦੇ ਨੇ ਅਸਲ ਦੁਨੀਆਂ ਦਾ ਖਹਿੜਾ ਛੱਡ ਕੇ ਇਹ ਦਿਖਾਵੇ ਦੇ ਵੱਲ ਭੱਜੀ ਜਾਂਦੇ ਨੇ

ਅੱਜ ਮਨੁੱਖੀ ਹੋਂਦ 'ਤੇ ਚੜ੍ਹਦਾ ਵੱਟ ਤੇ ਡੰਗਰਾਂ ਦੇ ਲਈ ਹਮਦਰਦੀ ਏ ਮੈਂ ਅੱਜ ਨਾ ਚਾਹੁੰਦੇ ਹੋਏ ਵੀ ਇਹ ਕਹਿਣਾ ਚਾਹਵਾਂਗੀ ਕਿ ਮੈਨੂੰ ਮੇਰੇ ਮਨੁੱਖ ਹੋਣ 'ਤੇ ਸ਼ਰਮਿੰਦਗੀ ਏ।

ਰਮਨਦੀਪ ਕੌਰ

ਪਹਿਲਾ ਸਾਲ


# ਮੈਂ ਕੁੜੀ ਹਾਂ ਤਾਂ ਕੀ ਹੋਇਆ



ਮੈਂ ਕੁੜੀ ਹਾਂ ਤਾਂ ਕੀ ਹੋਇਆ।
ਮੈਂ ਕੁੜੀ ਹਾਂ ਤਾਂ ਕੀ ਹੋਇਆ।
ਵੇਖ ਜ਼ਮਾਨੇ ਦੀ ਸੋਚ ਦਿਲ ਫ਼ਿਰ ਰੋਇਆ,
ਕਿਉਂ ਖੁਸ਼ੀਆਂ ਨੇ ਵੇਖ ਮੈਨੂੰ ਬੂਹਾ ਢੋਇਆ,
ਮੈਂ ਕੁੜੀ ਹਾਂ ਤਾਂ ਕੀ ਹੋਇਆ।

ਧੀ ਨੇ ਵੀ ਆਪਣਾ
ਜ਼ਮੀਰ ਨਾ ਗਵਾਇਆ,
ਰੱਖਿਆ ਨਾ ਕੋਈ ਵਜ਼ੀਰ
ਬਾਪੂ ਦੀ ਇੱਜਤ ਨੂੰ ਕੋਈ
ਦਾਗ ਨਾ ਲਾਇਆ,
ਇਕ ਧੀ ਨੇ ਵੀ ਪੁੱਤਾਂ ਵਾਂਗ ਹਰ ਫ਼ਰਜ਼ ਨਿਭਾਇਆ।
ਕਾਹਤੋਂ ਆਪਣਾ ਜੀਵਨ ਸਾਥੀ ਚੁਣ ਨੀ ਸਕਦੀ ਮੈਂ,
ਜ਼ਮਾਨਾਂ ਕੀ ਕਹੇਗਾ ਹੋਰ ਸੁਣ ਨੀ ਸਕਦੀ ਮੈਂ,
ਬਸ ਕਰ ਸ਼ਾਇਰਾ ਹੁਣ ਚੁੱਪੀ ਹੀ ਚੰਗੀ ਹੈ,
ਮੁੱਕਦੀ ਗੱਲ ਲੋਕਾਂ ਦੀ ਸੋਚ ਹੀ ਗੰਦੀ ਹੈ,
ਅਪਰਾਧੀ। ਦੱਸੋ ਚੈਨ ਨਾਲ ਕਦ ਸੋਇਆ
ਮੈਂ ਕੁੜੀ ਹਾਂ ਤਾਂ ਕੀ ਹੋਇਆ।
ਮੈਂ ਕੁੜੀ ਹਾਂ ਤਾਂ ਕੀ ਹੋਇਆ।
ਮੈਂ ਕੁੜੀ ਹਾਂ ਤਾਂ ਕੀ ਹੋਇਆ।

ਰੀਆ ਆਨੰਦ
ਦੂਜਾ ਸਾਲ




**ਰਾਮਾਨੁਜਨ ਕਾਲਜ ਵਿੱਚ ਹੋਏ ਮੁਕਾਬਲਿਆਂ ਵਿੱਚ ਕ੍ਰਮਵਾਰ ਦੂਸਰਾ ਅਤੇ ਤੀਸਰਾ ਇਨਾਮ ਲਿਆਉਣ ਵਾਲੇ ਪੰਜਾਬੀ ਵਿਭਾਗ ਦੇ ਵਿਦਿਆਰਥੀ :**

1) **ਅਵਨੀਤ**–ਤੀਸਰਾ ਸਾਲ
(ਪੋਸਟਰ ਬਣਾਉਣ)

2) **ਖੁਸ਼ੀ** – ਪਹਿਲਾ ਸਾਲ
(ਲੋਕ ਗੀਤ)








**ਇੰਦਰਜੀਤ ਕੌਰ**
**ਪ੍ਰਧਾਨ** (ਤੀਜਾ ਸਾਲ)

**ਮਨਪ੍ਰੀਤ ਕੌਰ**
**ਮੀਤ ਪ੍ਰਧਾਨ** (ਤੀਜਾ ਸਾਲ)

**ਰੀਆ ਆਨੰਦ**
**ਜਨਰਲ ਸਕੱਤਰ** (ਦੂਜਾ ਸਾਲ)

**ਵੰਸ਼ਿਕਾ**
**ਸਕੱਤਰ** (ਦੂਜਾ ਸਾਲ)

# ਮਾਂ ਬੋਲੀ ਪੰਜਾਬੀ ਦਿਵਸ 'ਤੇ






**Lighting the Lamp,**

Dr. Harpreet Kaur, Principal, Mata Sundri College for Women, University of Delhi
as an EXPERT INVITED SPEAKER at the Embassy of India, Muscat Oman
on Guru Nanak's Model Community at Kartarpur on April 28, 2019
as a part of year-long Celebrations at the Embassy to commemorate
550th Birth Anniversary of Sri Guru Nanak Dev Ji.



ਸ਼ੁੱਕਰਵਾਰ, 28 ਫਰਵਰੀ 2020





## ਪੰਜਾਬੀ ਪੁਸਤਕ ਅੰਤਹੀਣ (2019) ਲਈ ਸਹਿਤਯਾ ਅਕਾਦੇਮੀ ਪੁਰਸਕ੍ਰਿਤ ਪ੍ਰੋ. ਕਿਰਪਾਲ ਕਜ਼ਾਕ ਨਾਲ ਰੂ-ਬ-ਰੂ





## ਪ੍ਰੋ. ਕਿਰਪਾਲ ਕਜ਼ਾਕ ਨਾਲ ਯਾਦਗਾਰੀ ਪਲ





ਕਰਤਾਰਪੁਰ ਸਾਹਿਬ, ਨਾਰੋਵਾਲ (ਪਾਕਿਸਤਾਨ)

## ਕਰਤਾਰਪੁਰ ਲਾਂਘੇ ਤੋਂ ਲੰਘ ਕੇ
## ਬਾਬੇ ਨਾਨਕ ਦੇ ਦਰ 'ਤੇ
## ਇਬਾਦਤ ਬਾਅਦ ਖ਼ੁਸ਼ੀ

